ਮੁਖਵਾਕ ਨੰਬਰ ੧੦੭ [ਆਦਿ ਅੰਗ ੭੦੦]

***ਜੈਤਸਰੀ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥੧॥ ਰਹਾਉ ॥ ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥੧॥ ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥ ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥੨॥ ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥ ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥੩॥ ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥ ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥੪॥੧॥***

## ਜੈਤਸਰੀ ਮਹਲਾ ੫ ॥

ਇਹ ਅੰਮ੍ਰਿਤ ਬਚਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਜੈਤਾਸਰੀ ਰਾਗ ਵਿਚ ਅੰਕਿਤ ਹੈ। ਇਹ ਸ਼ਬਦ ਸਤਿਗੁਰਾਂ ਨੇ ਰਾਗ ਦੇ ਤੀਜੇ ਸੁਰਤਾਲ ਵਿਚ ਉਚਾਰਨ ਕੀਤਾ ਹੈ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦੇ ਹਨ। ੧=ਅਦੁੱਤੀ। ੴ=ਸਰਬ ਦਾ ਪ੍ਰਕਾਸ਼ਕ, ਸਤਿ=ਨਾਸ ਤੋਂ ਰਹਿਤ, ਗੁਰ=ਚੇਤਨ ਸਰੂਪ, ਪ੍ਰਸਾਦਿ=ਅਨੰਦ ਸਰੂਪ। ਇਕ ਵਾਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸਿੱਖਾਂ ਨੇ ਉਸ ਸਮੇਂ ਬੇਨਤੀ ਕੀਤੀ ਕਿ ਜਦੋਂ ਸਤਿਗੁਰੂ ਜੀ ਸਿੱਖ ਸੰਗਤਾਂ ਵਿਚ ਸ਼ਸ਼ੋਭਿਤ ਸਨ। ਕਾਮਨਾ ਧਾਰ ਕੇ ਆਏ ਹੋਏ ਗੁਰਸਿੱਖਾਂ ਨੂੰ ਦੁੱਧ, ਪੁੱਤ, ਦੇਹ ਅਰੋਗਤਾ; ਦੀ ਪ੍ਰਾਪਤੀ ਸੰਸਾਰਕ ਕਲੇਸ਼ਾਂ ਦੀ ਨਵਿਰਤੀ ਅਤੇ ਸੁਖ ਸ਼ਾਂਤੀ ਆਦਿ ਦੀ ਬਖਸ਼ਿਸ਼ ਕਰ ਰਹੇ ਸਨ। ਸਤਿਗੁਰੂ ਜੀ ਹਰ ਇਕ ਸੰਸਾਰਕ ਤੇ ਪ੍ਰਮਾਰਥਕ ਇੱਛਾ ਸਿੱਖਾਂ ਦੀ ਕਾਮਨਾ ਅਨੁਸਾਰ ਪੂਰੀ ਕਰਦੇ ਹਨ।

ਯਥਾ— **ਜੈਸੀ ਭੂਖ ਤੈਸੀ ਕਾ ਪੂਰਕੁ ਸਗਲ ਘਟਾ ਕਾ ਸੁਆਮੀ ॥** [ਸੋਰਠਿ ਮਃ ੫, ਅੰਗ ੬੧੩]

ਜਿਥੇ ਸੰਸਾਰਕ ਇੱਛਾਵਾਂ ਪੂਰੀਆਂ ਕਰਦੇ ਸਨ ਉਥੇ ਜੋ ਵੀ ਪ੍ਰਭੂ ਪ੍ਰਾਪਤੀ ਦੇ ਮਾਰਗ ਵਿਚ ਆਈਆਂ ਰੁਕਾਵਟਾਂ ਦੂਰ ਕਰਨ ਵਾਸਤੇ ਸਤਿਗੁਰੂ ਦੇ ਚਰਨਾਂ ਵਿਚ ਬੇਨਤੀ ਕਰਦਾ ਉਸ ਦੀ ਪ੍ਰਮਾਰਥੀ ਰਾਹ ਵਿਚ ਪੈਂਦੀ ਰੁਕਾਵਟ ਦੂਰ ਕਰ ਦਿੰਦੇ। ਸੰਗਤ ਵਿਚੋਂ ਇਕ ਸਿੱਖ ਨੇ ਬੇਨਤੀ ਕੀਤੀ ਕਿ ਹੇ ਸਚੇ ਪਾਤਸ਼ਾਹ ! ਸਾਡਾ ਮਾਤਾ ਪਿਤਾ ਇਸਤ੍ਰੀ ਪੁੱਤਰਾਂ ਆਦਿ ਸੰਬੰਧੀਆਂ ਵਿਚੋਂ ਮੋਹ ਦੂਰ ਨਹੀਂ ਹੁੰਦਾ। ਐਸਾ ਉਪਦੇਸ਼ ਬਖਸ਼ਿਸ਼ ਕਰੋ ਜਿਸ ਨਾਲ ਸਾਨੂੰ ਇਹ ਸੋਝੀ ਆਵੇ ਕਿ ਸਾਡਾ ਸੰਬੰਧ ਕਿਥੋਂ ਤੱਕ ਇਨ੍ਹਾਂ ਨਾਲ ਸੱਚਾ ਹੈ। ਇਹ ਸੁਣ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ :

## ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥

ਇਸ ਗੱਲ ਨੂੰ ਕੋਈ ਵਿਰਲਾ ਹੀ ਜਾਨੈ=ਜਾਣਦਾ ਹੈ, ਕਿ ਈਹਾ=ਇਸ ਜਗਤ ਵਿਚ ਕੌਣ ਕੋਈ ਕਿਸੇ ਦਾ ਮਿੱਤਰ ਹੈ ? ਇਹ ਪੰਗਤੀ ਪ੍ਰਸ਼ਨ ਰੂਪ ਹੈ ਇਸ ਦਾ ਉੱਤਰ ਅਗਲੀ ਤੁਕ ਵਿਚ ਦਿੰਦੇ ਹਨ :

## ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥੧॥ ਰਹਾਉ ॥

ਜਿਸ ਉੱਤੇ ਵਾਹਿਗੁਰੂ ਕ੍ਰਿਪਾਲੂ ਹੁੰਦਾ ਹੈ ਉਹੀ ਇਸ ਬਿਧਿ=ਜੁਗਤੀ ਨੂੰ ਬੂਝੈ=ਸਮਝਦਾ ਹੈ। ਤਾ ਕੀ=ਉਸੇ ਪੁਰਸ਼ ਦੀ ਰੀਤਿ=ਰਹੁ-ਰੀਤ-ਮਰਿਆਦਾ ਨਿਰਮਲ=ਪਵਿੱਤ੍ਰ ਹੈ।

PDF created with pdfFactory Pro trial version www.pdffactory.com

## ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥

ਮਾਤ=ਮਾਂ, ਪਿਤਾ=ਪਿਉ, ਬਨਿਤਾ=ਇਸਤ੍ਰੀ, ਸੁਤ=ਪੁੱਤਰ, ਬੰਧਪ=ਸੰਬੰਧੀ, ਇਸਟ ਮੀਤ=ਪਿਆਰੇ ਮਿੱਤਰ ਵਾ-ਇਸਟ=ਪੂਜਯ ਦੇਵ, ਮੀਤ=ਮਿੱਤਰ ਅਤੇ ਭਾਈ=ਭਰਾ। ਇਹ ਸਾਰੇ :—

## ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥੧॥

ਪੂਰਬ=ਪਹਿਲੇ ਜਨਮ ਦੇ ਸੰਜੋਗੀ=ਭਾਗਾਂ ਕਰਕੇ ਮਿਲੇ ਹੋਏ ਹਨ ਪਰ ਅੰਤ ਸਮੇਂ ਇਨ੍ਹਾਂ ਵਿਚੋਂ ਕੋਈ ਵੀ ਸਹਾਈ=ਸਹਾਇਕ ਨਹੀਂ ਹੁੰਦਾ। [ਸੰਜੋਗੀ=ਜਯੋਤਿਸ਼ ਨਛੱਤ੍ਰਾਂ ਦੇ ਮੇਲ ਦੇ ਸ਼ੁਭ ਅਸ਼ੁਭ ਅਸਰ ਮੰਨੇ ਹਨ, ਇਹ ਮੁਹਾਵਰਾ-ਸੰਜੋਗੀ, ਸੰਜੋਗਾਂ ਨਾਲ ਉਥੋਂ ਬਨਿਆ ਹੈ ਪਰ ਹੁਣ ਇਸ ਦੇ ਅਰਥ ਹਨ-ਭਾਗਾਂ ਨਾਲ, ਕਰਮਾਂ ਨਾਲ] ਜੀਵਨ ਦੇ ਅੰਤ ਕਾਲ ਕੋਈ ਕਿਸੇ ਦਾ ਸਹਾਇਕ ਨਹੀਂ ਅਗਿਆਨ ਵਸ ਹੋ ਕੇ ਜੀਵ ਇਨ੍ਹਾਂ ਸੰਬੰਧੀਆਂ ਨੂੰ ਆਪਣੇ ਸਹਾਇਕ ਮੰਨੀ ਬੈਠਾ ਹੈ। ਪਰ ਅਸਲੀ ਸਹਾਇਕ ਤਾਂ ਕੇਵਲ ਨਾਮ ਹੈ। ਜੈਸਾ ਕਿ ਸਤਿਗੁਰੂ ਜੀ ਫੁਰਮਾਨ ਕਰਦੇ ਹਨ :

ਯਥਾ— **੧. ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥**
[ਗਉੜੀ ਮਃ ੫, ਅੰਗ ੨੬੪]

**੨. ਧਿਆਇਓ ਅੰਤਿ ਬਾਰ ਨਾਮੁ ਸਖਾ ॥**
**ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ ॥**
[ਸਾਰਗ ਮਃ ੫, ਅੰਗ ੧੨੧੨]

**੩. ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥** [ਸਿਰੀਰਾਗੁ ਮਃ ੫, ੪੭]

**੪. ਮਾਤ ਪਿਤਾ ਸੁਤ ਸਾਥਿ ਨ ਮਾਇਆ ॥** [ਬਿਲਾਵਲੁ ਮਃ ੫, ਅੰਗ ੮੦੪]

**੫. ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ ॥**
[ਧਨਾਸਰੀ ਕਬੀਰ ਜੀ, ਅੰਗ ੬੯੨]

### ਸਾਖੀ—ਸੰਤ ਮਾਧੋ ਦਾਸ ਜੀ—

ਇਤਿਹਾਸ ਵਿਚ ਇਸ ਤੁਕ ਦੇ ਸਿਧਾਂਤ ਦੀ ਇਕ ਸਾਖੀ ਸੰਤ ਮਾਧੋ ਦਾਸ ਜੀ ਦੀ ਆਉਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਰਨੀ ਤੇ ਕਥਨੀ ਦੇ ਪੂਰੇ ਸਿੱਖਾਂ ਵਿਚੋਂ ਸੋਢੀ ਖਾਨਦਾਨ ਦੇ ਇਕ ਸੰਤ ਮਾਧਉ ਦਾਸ ਜੀ ਹੋਏ ਹਨ। ਇਹਨਾਂ ਨੂੰ ਪ੍ਰਚਾਰ ਕਰਨ ਲਈ ਸਤਿਗੁਰਾਂ ਨੇ ਕਸ਼ਮੀਰ ਦਾ ਇਲਾਕਾ ਦਿੱਤਾ। ਜਿਥੇ ਕਿ ਇਨ੍ਹਾਂ ਦੀ ਕਰਨੀ ਅਤੇ ਕਥਨੀ ਦੇ ਪ੍ਰਭਾਵ ਕਰਕੇ ਸਾਰੇ ਲੋਕ ਸਤਿਕਾਰ ਕਰਦੇ ਸਨ। ਗੁਰਮਤਿ ਵਿਚਾਰਾਂ ਸੁਣ ਕੇ ਸੰਗਤਾਂ ਲਾਭ ਉਠਾਉਂਦੀਆਂ। ਕਸ਼ਮੀਰ ਦੇ ਇਕ ਸ਼ਾਹੂਕਾਰ ਦੇ ਚਾਰ ਪੁੱਤਰਾਂ ਵਿਚੋਂ ਸਭ ਤੋਂ ਛੋਟਾ ਜੋ ਸੰਤਾਂ ਦਾ ਮਿਲਾਪੀ ਸੀ। ਸੰਤ ਮਾਧਉ ਦਾਸ ਜੀ ਦਾ ਸੰਗੀ ਹੋ ਕੇ ਆਪਣਾ ਬਹੁਤਾ ਸਮਾਂ ਸੇਵਾ ਸਿਮਰਨ ਤੇ ਸਤਸੰਗ ਵਿਚ ਬਿਤਾਉਣ ਲੱਗਾ। ਕਥਾ ਵਿਚ ਐਸਾ ਨੇਮ ਪ੍ਰਪੱਕ ਕੀਤਾ ਕਿ ਕਥਾ ਦੀ ਸਮਾਪਤੀ ਦੀ ਅਰਦਾਸ ਤੋਂ ਬਾਅਦ ਹੀ ਘਰ ਜਾਇਆ ਕਰੇ। ਇਕ ਰਾਤ ਕੋਈ ਵੱਡੀ ਚੋਰੀ ਹੋ ਗਈ ਜਿਸ ਕਾਰਨ ਬਾਦਸ਼ਾਹ ਨੇ ਹੁਕਮ ਦੇ ਦਿੱਤਾ ਕਿ ਪਰਜਾ ਵਿਚੋਂ ਕੋਈ ਵੀ ਮਨੁੱਖ ਅੱਧੀ ਰਾਤ ਤੋਂ ਬਾਅਦ ਬਾਹਰ ਫਿਰਦਾ ਪਾਇਆ ਗਿਆ ਤਾਂ ਉਸਨੂੰ ਚੋਰ ਸਮਝ ਕੇ ਬਿਨਾਂ ਕੋਈ ਨਿਰਣਾ ਕੀਤੇ ਸੂਲੀ ਤੇ ਟੰਗ ਦਿੱਤਾ ਜਾਵੇਗਾ। ਸੰਗਤਾਂ ਨੇ ਸੰਤ ਮਾਧਉ ਦਾਸ ਜੀ ਨੂੰ ਬੇਨਤੀ ਕੀਤੀ ਕਿ ਰਾਜੇ ਦਾ ਇਹ ਹੁਕਮ ਹੈ ਇਸ ਲਈ ਕਥਾ ਦੀ ਸਮਾਪਤੀ ਦੱਸ ਵਜੇ ਕਰਨ ਦੀ ਕ੍ਰਿਪਾਲਤਾ ਕਰਨੀ। ਮਹਾਂਪੁਰਸ਼ਾਂ ਨੇ ਸੰਗਤਾਂ ਦੀ ਬੇਨਤੀ ਸਵੀਕਾਰ ਕਰਕੇ ਸਮਾਪਤੀ ਦੱਸ ਵਜੇ ਕਰਨੀ ਸ਼ੁਰੂ ਕਰ ਦਿੱਤੀ। ਇਕ ਦਿਨ ਮਹਾਂਪੁਰਸ਼ਾਂ ਨੂੰ ਕਥਾ ਦਾ ਐਸਾ ਰਸ ਆਇਆ ਕਿ ਕਥਾ ਦੀ ਮਸਤੀ ਵਿਚ ਸਮੇਂ ਦਾ ਚੇਤਾ ਨਾ ਰਿਹਾ। ਜਦੋਂ ਟਾਈਮ ਉਤੇ ਜਾਂਦਾ ਦੇਖਿਆ

PDF created with pdfFactory Pro trial version www.pdffactory.com

ਤਾਂ ਬਾਦਸ਼ਾਹ ਦੇ ਭੈ ਕਰਕੇ ਸੰਗਤਾਂ ਉੱਠ ਕੇ ਚੱਲੀਆਂ, ਪਰ ਮਹਾਂਪੁਰਸ਼ ਅੱਖਾਂ ਮੀਟ ਕੇ ਕਥਾ ਕਰੀ ਗਏ ਤੇ ਇਕ ਉਹ ਸ਼ਾਹੂਕਾਰ ਦਾ ਲੜਕਾ ਬੈਠਾ ਰਿਹਾ। ਜਦੋਂ ਮਹਾਂਪੁਰਸ਼ਾਂ ਨੇ ਅੱਖਾਂ ਖੋਲ੍ਹੀਆਂ ਤਾਂ ਕੀ ਦੇਖਿਆ ਕਿ ਸਾਰੇ ਉੱਠ ਕੇ ਚਲੇ ਗਏ ਪਰ ਇਹ ਲੜਕਾ ਨਹੀਂ ਗਿਆ। ਮਹਾਂਪੁਰਸ਼ ਕਹਿਣ ਲੱਗੇ ਕਿ ਮੈਨੂੰ ਸਮੇਂ ਦਾ ਚੇਤਾ ਨਹੀਂ ਰਿਹਾ ਜਿਥੇ ਹੋਰ ਉੱਠ ਕੇ ਚਲੇ ਗਏ ਹਨ ਤੂੰ ਵੀ ਚਲੇ ਜਾਣਾ ਸੀ। ਉਹ ਲੜਕਾ ਕਹਿਣ ਲੱਗਾ ਮਹਾਰਾਜ! ਜੇ ਮੈਂ ਚਲੇ ਜਾਂਦਾ ਤਾਂ ਇਕ ਤਾਂ ਮੇਰੇ ਸਰੋਤੇ ਪਣ ਨੂੰ ਲਾਜ ਲਗਦੀ, ਦੂਜਾ ਮੇਰਾ ਨਿਯਮ ਟੁੱਟਦਾ, ਤੀਜਾ ਕਥਾ ਦਾ ਨਿਰਾਦਰ ਹੁੰਦਾ ਕਿ ਇਕ ਸਰੋਤਾ ਨਹੀਂ ਰਿਹਾ ਇਸ ਕਰਕੇ ਗੁਰੂ ਦੀਆਂ ਖੁਸ਼ੀਆਂ ਨਹੀਂ ਸੀ ਹੋਣੀਆਂ। ਚੌਥਾ ਕਥਾ ਦਾ ਰਸ ਛੱਡਕੇ ਮੈਂ ਜਾ ਨਹੀਂ ਸਕਿਆ। ਨਾ ਜਾਣ ਕਰਕੇ ਭਾਵੇਂ ਰਾਜੇ ਦੇ ਹੁਕਮ ਦੀ ਉਲੰਘਣਾ ਹੋਈ ਹੈ ਪਰ ਮੈਨੂੰ ਖੁਸ਼ੀ ਹੋਈ ਹੈ ਕਿ ਮੈਂ ਗੁਰੂ ਦਾ ਹੁਕਮ ਮੰਨਿਆ ਹੈ। ਮਹਾਂਪੁਰਸ਼ਾਂ ਦੇ ਅੰਦਰੋਂ ਅਸੀਸ ਨਿਕਲੀ ਕਿ ਬੱਚਾ! ਤੇਰਾ ਗੁਰੂ ਰਾਖਾ! ਇਹ ਬੱਚਾ ਜਦੋਂ ਘਰ ਨੂੰ ਮੁੜਿਆ ਤਾਂ ਅੱਧੀ ਰਾਤ ਤੋਂ ਸਮਾਂ ਉਤੇ ਹੋਣ ਕਰਕੇ ਪੁਲਿਸ ਵਾਲਿਆਂ ਨੇ ਫੜ ਲਿਆ। ਇਸਨੇ ਦੱਸਿਆ ਕਿ ਮੈਂ ਫਲਾਣੇ ਸ਼ਾਹੂਕਾਰ ਦਾ ਪੁੱਤਰ ਹਾਂ। ਬਾਦਸ਼ਾਹ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਬਾਦਸ਼ਾਹ ਨੇ ਸ਼ਾਹੂਕਾਰ ਨੂੰ ਬੁਲਾ ਕੇ ਪੁੱਛਿਆ ਕਿ ਇਹ ਤੇਰਾ ਪੁੱਤਰ ਹੈ? ਤਾਂ ਸ਼ਾਹੂਕਾਰ ਜੋ ਆਪਣੇ ਪੁੱਤਰ ਵਲੋਂ ਘਰ ਦਾ ਕੰਮ ਨਾ ਕਰਨ ਕਰਕੇ ਦੁਖੀ ਸੀ ਕਹਿਣ ਲੱਗਾ ਕਿ ਇਹ ਮੇਰਾ ਕੁਝ ਨਹੀਂ ਲਗਦਾ। ਮਾਤਾ ਨੇ ਭੀ ਐਸੇ ਹੀ ਬਚਨ ਕਹੇ, ਪੁੱਤਰ, ਇਸਤ੍ਰੀ ਅਤੇ ਭਰਾ ਇਹ ਦੇਖਕੇ ਕਿ ਇਹ ਪੁਲਿਸ ਦਾ ਫੜਿਆ ਹੋਇਆ ਹੈ ਸਾਰੇ ਹੀ ਮੁਕਰ ਗਏ ਕਿ ਇਹ ਸਾਡਾ ਕੁਝ ਨਹੀਂ ਲਗਦਾ ਕਿਉਂਕਿ ਬਾਦਸ਼ਾਹ ਦੇ ਹੁਕਮ ਤੋਂ ਸਾਰੇ ਡਰੇ ਹੋਏ ਸਨ। ਸੂਲੀ ਚਾੜ੍ਹਨ ਤੋਂ ਪਹਿਲਾਂ ਬਾਦਸ਼ਾਹ ਨੇ ਕਿਹਾ ਕਿ ਤੇਰਾ ਹੋਰ ਕੋਈ ਮਿਲਣ ਵਾਲਾ ਜਾਂ ਸਫਾਈ ਦੇਣ ਵਾਲਾ ਹੈ। ਤਾਂ ਉਸ ਲੜਕੇ ਨੇ ਕਿਹਾ ਕਿ ਸੰਤ ਮਾਧੋ ਦਾਸ ਫਲਾਣੇ ਥਾਂ ਤੇ ਰਹਿੰਦਾ ਹੈ। ਸੰਤ ਮਾਧੋ ਦਾਸ ਨੂੰ ਬੁਲਾ ਕੇ ਪੁੱਛਿਆ ਕਿ ਇਹ ਤੇਰਾ ਕੀ ਲੱਗਦਾ ਹੈ? ਤਾਂ ਸੰਤ ਮਾਧੋ ਦਾਸ ਕਹਿਣ ਲੱਗੇ ਕਿ ਜੋ ਆਪ ਸਮਝ ਲਵੋ ਭਾਵੇਂ ਚੇਲਾ ਕਹੋ, ਪੁੱਤਰ ਕਹੋ, ਸਤਸੰਗੀ ਕਹੋ, ਸੇਵਕ ਕਹੋ ਮੇਰਾ ਸਭ ਕੁਝ ਹੀ ਹੈ। ਬਾਦਸ਼ਾਹ ਨੇ ਕਿਹਾ ਸੰਤ ਜੀ! ਇਹ ਅੱਧੀ ਰਾਤ ਆਵਾਰਾਗਰਦੀ ਕਰਦਾ ਫੜਿਆ ਗਿਆ ਹੈ ਅੱਧੀ ਰਾਤ ਤਾਂ ਕੋਈ ਸਤਸੰਗ ਨਹੀਂ ਸੀ ਹੋ ਰਹੀ। ਮੇਰੇ ਹੁਕਮ ਮੁਤਾਬਕ ਅੱਧੀ ਰਾਤ ਤੋਂ ਬਾਅਦ ਫੜੇ ਜਾਣ ਕਰਕੇ ਇਸਨੂੰ ਸੂਲੀ ਤੇ ਚਾੜ੍ਹਨ ਲੱਗਾ ਹਾਂ। ਸੰਤ ਮਾਧੋ ਦਾਸ ਕਹਿਣ ਲੱਗੇ ਬਾਦਸ਼ਾਹ! ਸਮਝ ਕਰ ਇਹ ਚੋਰ ਨਹੀਂ ਬੇਗੁਨਾਹ ਹੈ ਅਗਰ ਤੂੰ ਅੱਧੀ ਰਾਤ ਤੋਂ ਬਾਅਦ ਫਿਰਨ ਦਾ ਗੁਨਾਹ ਮੰਨਦਾ ਹੈਂ ਤਾਂ ਇਹ ਸਜ਼ਾ ਮੈਨੂੰ ਦੇਣੀ ਕਰੋ ਕਿਉਂਕਿ ਮੇਰੀ ਵਜ੍ਹਾ ਕਰਕੇ ਇਹ ਲੇਟ ਹੋਇਆ ਜੇ ਮੈਂ ਕਥਾ ਦੀ ਸਮਾਪਤੀ ਇਤਨੀ ਲੇਟ ਨਾ ਕਰਦਾ ਤਾਂ ਇਸ ਦੀ ਇਹ ਦੁਰਦਸ਼ਾ ਨਾ ਹੁੰਦੀ। ਇਹ ਸਾਧ ਹੁੰਦਾ ਹੋਇਆ ਵੀ ਚੋਰ ਨਾ ਵਜਦਾ। ਬਾਦਸ਼ਾਹ ਹੰਕਾਰ ਵਿਚ ਆ ਕੇ ਕਹਿਣ ਲੱਗਾ ਕਿ ਇਸ ਨੂੰ ਬਚਾਉਣ ਵਾਸਤੇ ਤੂੰ ਇਹ ਤਰੀਕਾ ਸੋਚਿਆ ਹੈ ਕਿ ਬਾਦਸ਼ਾਹ ਨੇ ਸੰਤਾਂ ਨੂੰ ਸੂਲੀ ਤੇ ਨਹੀਂ ਟੰਗਣਾ ਜੇ ਟੰਗ ਦਿੱਤਾ ਤਾਂ ਰਾਜੇ ਦੀ ਬਦਨਾਮੀ ਹੋਵੇਗੀ। ਕਿਤੇ ਤੁਹਾਡੀ ਵੀ ਇਸ ਦੇ ਨਾਲ ਹਿੱਸਾ ਪੱਤੀ ਤਾਂ ਨਹੀਂ ਹੈ? ਮੈਂ ਇਸਨੂੰ ਸੂਲੀ ਤੇ ਟੰਗਣ ਲੱਗਾ ਹਾਂ ਜੇ ਬਚਾਅ ਹੁੰਦਾ ਹੈ ਤਾਂ ਬਚਾਅ ਲਵੋ। ਤਾਂ ਮਹਾਤਮਾ ਨੇ ਕਿਹਾ ਮੈਂ ਇਸਨੂੰ ਕੀ ਬਚਾਉਣਾ ਹੈ ਇਸ ਨੂੰ ਗੁਰੂ ਅਰਜਨ ਸਾਹਿਬ ਬਚਾਉਣਗੇ ਜਿਨ੍ਹਾਂ ਦੀ ਬਾਣੀ ਦੀ ਕਥਾ ਸੁਣ ਕੇ ਇਹ ਪ੍ਰਭੂ ਦੀ ਬੰਦਗੀ ਵਿਚ ਜੁੜਿਆ ਹੈ। ਬਾਦਸ਼ਾਹ ਨੇ ਹੰਕਾਰ ਵਿਚ ਆ ਕੇ ਕਿਹਾ ਇਸਨੂੰ ਮੇਰੇ ਕੋਲੋਂ ਨਾ ਤੇਰਾ ਗੁਰੂ ਬਚਾਅ ਸਕਦਾ ਹੈ ਤੇ ਨਾ ਤੂੰ। ਬਾਦਸ਼ਾਹ ਦੇ ਹੁਕਮ ਅਨੁਸਾਰ ਜਲਾਦ ਲੱਕੜ ਦੀ ਸੂਲੀ ਤੇ ਚਾੜ੍ਹਨ ਲੱਗੇ ਤਾਂ ਸੰਤ ਮਾਧੋ ਦਾਸ ਨੇ ਨੇਤ੍ਰ ਬੰਦ ਕਰਕੇ ਗੁਰੂ ਅਰਜਨ ਸਾਹਿਬ ਦੇ ਚਰਨਾਂ ਵਿਚ ਅਰਦਾਸ ਕੀਤੀ ਤਾਂ ਉਸ ਸੁੱਕੀ ਲੱਕੜ ਵਿਚੋਂ ਹਰੀਆਂ ਲਗਰਾਂ ਨਿਕਲ ਕੇ ਧਰਤੀ ਨੂੰ ਆ ਲਗੀਆਂ ਤੇ ਲੜਕੇ ਨੂੰ ਕੁਝ ਵੀ ਨਹੀਂ ਹੋਇਆ। ਫਿਰ ਲੋਹੇ ਦੀ ਸੂਲੀ ਗੱਡੀ ਗਈ ਤਾਂ ਉਹ ਵੀ ਮੋਮ ਵਾਂਗ ਢਲ ਕੇ ਧਰਤੀ ਨੂੰ ਆ ਲੱਗੀ। ਇਹ ਦੇਖ ਕੇ ਬਾਦਸ਼ਾਹ ਨੇ ਮਹਾਂਪੁਰਸ਼ਾਂ ਦੇ ਚਰਨ ਫੜੇ ਤੇ ਮਾਫੀ ਮੰਗੀ। ਸੰਤ ਮਾਧੋ ਦਾਸ ਬਾਦਸ਼ਾਹ ਤੇ ਲੜਕੇ ਨੂੰ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂ ਅਰਜਨ ਸਾਹਿਬ ਦੇ ਚਰਨਾਂ ਵਿਚ ਪਹੁੰਚਿਆ ਤਾਂ ਸਤਿਗੁਰਾਂ ਨੇ ਇਹ ਤੁਕਾਂ ਉਚਾਰਨ ਕਰਕੇ ਮਾਧੋ ਦਾਸ ਨੂੰ ਸਨਮਾਨਿਤ ਕੀਤਾ:

PDF created with pdfFactory Pro trial version www.pdffactory.com

ਯਥਾ— **ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥**
**ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ਰਹਾਉ॥**
**ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥**

[ਗੂਜਰੀ ਮਃ ੫, ਅੰਗ ੧੦]

ਸਤਿਗੁਰਾਂ ਦਾ ਇਹ ਉਪਦੇਸ਼ ਸੁਣ ਉਸ ਲੜਕੇ ਨੂੰ ਗਿਆਨ ਹੋ ਗਿਆ ਕਿ ਸੰਸਾਰ ਵਿਚ ਮਾਤਾ ਪਿਤਾ ਇਸਤ੍ਰੀ ਪੁੱਤਰ ਭਰਾ ਤੇ ਹੋਰ ਸੰਬੰਧੀ ਕਿਸੇ ਦਾ ਕੋਈ ਨਹੀਂ ਤਾਂ ਉਸ ਦੇ ਹਿਰਦੇ ਵਿਚੋਂ ਮੋਹ ਦੂਰ ਹੋ ਗਿਆ ਤੇ ਗਿਆਨ ਦੀ ਪ੍ਰਾਪਤੀ ਹੋ ਗਈ। ਇਸ ਤਰ੍ਹਾਂ ਸਤਿਗੁਰੂ ਜੀ ਉਪਰੋਕਤ ਪੰਗਤੀ ਵਿਚ ਦਸ ਰਹੇ ਹਨ ਕਿ ਸੰਸਾਰ ਦੇ ਸਬੰਧੀਆਂ ਵਿਚੋਂ ਅੰਤ ਵੇਲੇ ਕਿਸੇ ਨੇ ਵੀ ਸਹਾਇਤਾ ਨਹੀਂ ਕਰਨੀ, ਬਿਪਤਾ ਪੈਣ ਤੋਂ ਇਹ ਤਾਂ ਜਿਉਂਦੇ ਹੀ ਸਾਥ ਛੱਡ ਜਾਂਦੇ ਹਨ। ਇਸ ਲਈ ਸਤਿਗੁਰੂ ਜੀ ਕਹਿੰਦੇ ਹਨ ਕਿ ਇਹ ਤਾਂ ਪੂਰਬਲੇ ਜਨਮ ਦੇ ਸੰਜੋਗੀ ਮਿਲੇ ਹਨ ਅੰਤ ਨੂੰ ਕੋਈ ਸਹਾਇਤਾ ਨਹੀਂ ਕਰਦਾ।

## *ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥*

ਮੁਕਤਿ=ਮੋਤੀ, ਮਾਲ=ਮਾਲਾ, ਕਨਿਕ=ਸੋਨੇ ਦੇ ਗਹਿਣੇ, ਹੀਰੇ ਲਾਲ ਆਦਿ ਜੜੇ ਹੋਏ ਵਾ ਹੀਰੇ ਲਾਲਾਂ ਦੀਆਂ ਮਾਲਾਂ ਬਣੀਆਂ ਹੋਈਆਂ ਇਹ ਸਭ ਮਨ ਨੂੰ ਰੰਜਨ=ਪ੍ਰਸੰਨ ਕਰਨ ਵਾਲੀ ਵਿਰਤੀ ਦੇ ਮਾਇਕੀ=ਮਾਇਕੀ ਪਦਾਰਥ ਹਨ।

## *ਹਾ ਹਾ ਕਰਤ ਬਿਹਾਨੀ ਅਵਧਹਿ*
## *ਤਾ ਮਹਿ ਸੰਤੋਖੁ ਨ ਪਾਇਆ ॥੨॥*

ਹਾਇ ਮਾਇਆ-ਹਾਇ ਮਾਇਆ ਕਰਤ=ਕਰਦਿਆਂ ਅਵਧਹਿ=ਉਮਰ ਬਿਹਾਨੀ=ਬਤੀਤ ਹੋ ਰਹੀ ਹੈ ਤਾ ਮਹਿ=ਇਸ ਪ੍ਰਕਾਰ ਦੀ ਕਲਪਣਾ ਰੂਪ ਬਿਰਤੀ ਵਿਚ ਅੱਜ ਤੱਕ ਕਿਸੇ ਨੇ ਭੀ ਸੰਤੋਖ=ਸਬਰ ਨਹੀਂ ਪਾਇਆ=ਪ੍ਰਾਪਤ ਕੀਤਾ।

## *ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥*

ਹਸਤਿ=ਹਾਥੀ, ਰਥ ਤੇ ਪਵਨ=ਹਵਾ ਦੀ ਤਰ੍ਹਾਂ ਤੇਜ ਦੌੜਨ ਵਾਲੇ ਅਸ੍ਵ=ਘੋੜੇ ਇਨ੍ਹਾਂ ਦਾ ਧਣੀ=ਮਾਲਕ ਹੋਵੇ ਭੂਮਨ=ਜ਼ਿਮੀਂਦਾਰਾ ਭੀ ਹੋਵੇ ਅਤੇ ਚਤੁਰਾਂਗਾ=ਚਾਰ ਰੰਗਾਂ ਦੀ ਭਾਵ ਪੈਦਲ, ਰਥਾਂ ਤੇ, ਘੋੜਿਆਂ ਤੇ ਸਵਾਰ ਚਾਰ ਤਰ੍ਹਾਂ ਦੀ ਫੌਜ ਹੋਵੇ।

ਯਥਾ— **ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥**
**ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕਉ ਜਾਤ ਨਿਵਾਰੇ ॥**
**ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਯਾਵਤ ਸੀਸ ਨ ਜਾਤ ਬਿਚਾਰੇ ॥**
**ਏਤੇ ਭਏ ਤੋ ਕਹਾ ਭਏ ਭੂਪਤਿ ਅੰਤ ਕੌ ਨਾਂਗੇ ਹੀ ਪਾਇ ਪਧਾਰੇ ॥**

[ਦਸਮ ਗ੍ਰੰਥ, ਅੰਗ ੧੩]

## *ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥੩॥*

ਅੰਤ ਕਾਲ ਇਨ੍ਹਾਂ ਚੀਜ਼ਾਂ ਵਿਚੋਂ ਕਛੂਐ=ਕੁਝ ਵੀ ਨਾਲ ਨਹੀਂ ਚਲਦਾ ਜੀਵ ਨੰਗਾ ਹੀ ਉੱਠ ਕੇ ਸਿਧਾਇਓ= ਚਲਾ ਜਾਂਦਾ ਹੈ।

PDF created with pdfFactory Pro trial version www.pdffactory.com

## ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥

ਜੋ ਪ੍ਰਭੂ ਪ੍ਰੀਤਮ ਹਰੀ ਦੇ ਪ੍ਰਿਅ=ਪਿਆਰੇ ਸੰਤ ਜਨ ਹਨ ਉਨ੍ਹਾਂ ਦੇ ਨਾਲ ਮਿਲਕੇ ਹਰਿ=ਵਾਹਿਗੁਰੂ ਦੇ ਹਰਿ=ਹਰੇਕ ਪ੍ਰਕਾਰ ਦੇ ਗੁਣਾਂ ਨੂੰ ਗਾਉਣਾ ਕਰੀਏ।

## ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥੪॥੧॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸੰਤਾਂ ਦੇ ਸੰਗ ਕਰਕੇ ਹੀ ਈਹਾ=ਇਸ ਲੋਕ ਵਿਚ ਸੁਖ ਪਾਈਦਾ ਹੈ ਅਤੇ ਆਗੈ=ਪ੍ਰਲੋਕ ਵਿਚ ਵੀ ਮੁਖ ਊਜਲ=ਜਸ ਵਾਲਾ, ਸ਼ੋਭਾ ਵਾਲਾ ਵਾ-ਪਾਪਾਂ ਦੀ ਕਾਲਖ ਤੋਂ ਰਹਿਤ ਨਿਰਮਲ ਹੁੰਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੧੦੮ [ਆਦਿ ਅੰਗ ੭੦੧]

**ਜੈਤਸਰੀ ਮਹਲਾ ੫ ॥ ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥ ਰਹਾਉ ॥ ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥ ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥ ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰਰੀ ਓਰਿ ॥ ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥**

## ਜੈਤਸਰੀ ਮਹਲਾ ੫ ॥

ਇਹ ਪਾਵਨ ਮੁਖਵਾਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਜੈਤਸਰੀ ਰਾਗ ਵਿਚ ਅੰਕਿਤ ਹੈ। ਇਸ ਸ਼ਬਦ ਵਿਚ ਜਗਿਆਸੂ ਦੀ ਵਾਹਿਗੁਰੂ ਪ੍ਰਮੇਸ਼ਰ ਨੂੰ ਪ੍ਰਾਪਤ ਕਰਨ ਦੀ ਤੜਪ ਹੈ। ਜਗਿਆਸੂ ਮੁਖ ਦੁਆਰਾ ਉਚਾਰਨ ਕਰਦੇ ਹਨ :

## ਕੋਈ ਜਨ ਹਰਿ ਸਿਉ ਦੇਵੈ ਜੋਰਿ ॥

ਐਸਾ ਕੋਈ ਵਾਹਿਗੁਰੂ ਦਾ ਜਨ=ਦਾਸ ਹੈ ? ਜੋ ਮੈਨੂੰ ਹਰਿ=ਵਾਹਿਗੁਰੂ ਪ੍ਰਮੇਸ਼ਰ ਨਾਲ ਜੋਰਿ=ਜੋੜ ਦੇਵੇ। ਉੱਤਰ ਮਿਲਿਆ ਕਿ ਜੇ ਐਸਾ ਕੋਈ ਜਨ ਮਿਲ ਜਾਵੇ ਤਾਂ ਭੇਟਾ ਕੀ ਦੇਵੇਂਗਾ ? ਤਾਂ ਦਸਦੇ ਹਨ ਕਿ :—

## ਚਰਨ ਗਹਉ ਬਕਉ ਸੁਭ ਰਸਨਾ<br>ਦੀਜਹਿ ਪ੍ਰਾਨ ਅਕੋਰਿ ॥੧॥ਰਹਾਉ॥

ਮੈਂ ਉਸ ਮਹਾਤਮਾ ਦੇ ਚਰਨ ਗਹਉ=ਪਕੜਾਂਗਾ, ਰਸਨਾ ਦੇ ਨਾਲ ਉਸ ਦੇ ਸ਼ੁਭ ਗੁਣਾਂ ਦੇ ਜਸ ਨੂੰ ਬਕਉ=ਉਚਾਰਨ ਕਰਾਂਗਾ ਤੇ ਆਪਣੇ ਪ੍ਰਾਣਾਂ ਦੀ ਉਨ੍ਹਾਂ ਨੂੰ ਅਕੋਰਿ=ਭੇਟਾ ਦੇਣੀ ਕਰਾਂਗਾ। ਵਾ : ਐਸੇ ਸਤ ਪੁਰਸ਼ਾਂ ਦੇ ਚਰਨਾਂ ਦੀ ਮੁਠੀ ਚਾਪੀ ਕਰੀਏ, ਰਸਨਾ ਨਾਲ ਸੁਭ=ਸ੍ਰੇਸ਼ਟ ਜਸ ਕਰੀਏ ਤੇ ਪ੍ਰਾਣਾਂ ਦੀ ਭੇਟਾ ਦੇਣੀ ਕਰੀਏ।

ਯਥਾ— **੧. ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥**

[ਸੂਹੀ ਮਃ ੪, ਅੰਗ ੭੫੭]

**੨. ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ ॥**
**ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ ॥**

[ਵਡਹੰਸ ਮਃ ੪, ਅੰਗ ੫੭੨]

**੩. ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥**
**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥**

[ਮਾਝ ਮਃ ੪, ਅੰਗ ੯੪]

ਇਨ੍ਹਾਂ ਪ੍ਰਮਾਣਾਂ ਵਿਚ ਮਿਲਾਪ ਕਰਾਉਣ ਵਾਲੇ ਦੀ ਭਾਵਨਾ ਪ੍ਰਗਟ ਕੀਤੀ ਹੈ ਅਤੇ ਉਸ ਭੇਟਾ ਦੀ ਗੱਲ ਕੀਤੀ ਹੈ ਕਿ ਮੈਂ ਉਨ੍ਹਾਂ ਨੂੰ ਪ੍ਰਾਣਾਂ ਦੀ ਭੇਟਾ ਵੀ ਅਰਪਣ ਕਰ ਦਿਆਂ। ਮਿਲਾਪ ਦਾ, ਜੁੜਨ ਦਾ ਐਸਾ ਅਨੰਦ ਹੈ ਉਸ ਉੱਪਰ ਪ੍ਰਾਣ ਨਿਸ਼ਾਵਰ ਕਰਨ ਲਈ ਜਗਿਆਸੂ ਉਤਾਵਲਾ ਹੈ। ਪਰ ਉਸ ਦਾ ਮਿਲਣਾ ਹੋਵੇ ਅਤੇ ਯਕੀਨ ਹੋ ਜਾਏ ਜੋੜਨ ਵਾਲੇ ਤੇ ਜੇ ਯਕੀਨ ਨਾ ਹੋਵੇ ਤਾਂ ਜੋੜਨ ਵਾਲਾ ਜੋੜ ਨਹੀਂ ਸਕਦਾ ਇਸ ਲਈ ਗ੍ਰੰਥਾਂ ਵਿਚ ਜੋੜਨ ਵਾਲੇ ਨੂੰ ਤਨ, ਮਨ, ਧਨ, ਜਾਂ ਪ੍ਰਾਣ ਅਰਪਨ ਕਰਨ ਦੀ ਗੱਲ ਆਉਂਦੀ ਹੈ।

PDF created with pdfFactory Pro trial version www.pdffactory.com

## ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਜੇ ਸ਼ਿਵਨਾਭ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਸੰਸਾਰ ਨੂੰ ਤਾਰਦੇ ਹੋਏ ਭਾਈ ਬਾਲੇ ਨੂੰ ਸਾਥੀ ਬਣਾ ਕੇ ਵਿਚਰ ਰਹੇ ਸਨ। ਉਨ੍ਹਾਂ ਹੀ ਦਿਨਾਂ ਵਿਚ ਰਾਜਾ ਸ਼ਿਵਨਾਭ ਜਿਸ ਦੀ ਰਾਜਧਾਨੀ ਸੰਗਲਾਦੀਪ ਸੀ। ਜਿਸਨੂੰ ਇਕਾਦਸ਼ੀ ਦੇ ਵਰਤ ਤੋਂ ਵਰਜ ਕੇ ਭਾਈ ਸਨਮੁਖ ਸ਼ਾਹ ਨੇ ਗੁਰਮਤਿ ਸਿਧਾਂਤਾਂ ਦਾ ਜਾਣੂ ਕਰਵਾਇਆ ਸੀ। ਸਨਮੁਖ ਸ਼ਾਹ ਨੂੰ ਰਾਜੇ ਨੇ ਪੁਛਿਆ ਕਿ ਮੈਂ ਗੁਰੂ ਨਾਨਕ ਦੇ ਦਰਸ਼ਨ ਕਿਥੇ ਜਾ ਕੇ ਕਰਾਂ। ਤਾਂ ਸਨਮੁਖ ਸ਼ਾਹ ਨੇ ਦੱਸਿਆ ਗੁਰੂ ਨਾਨਕ ਜੀ ਨੂੰ ਜਿਥੇ ਕੋਈ ਯਾਦ ਕਰਦਾ ਹੈ ਉਥੇ ਹੀ ਪਹੁੰਚ ਜਾਂਦੇ ਹਨ ਤੂੰ ਇਥੇ ਬੈਠ ਕੇ ਹੀ ਗੁਰੂ ਨਾਨਕ ਦਾ ਅਰਾਧਨ ਕਰ। ਰਾਜਾ ਰਾਤ ਦਿਨ ਗੁਰੂ ਨਾਨਕ ਸਾਹਿਬ ਨੂੰ ਯਾਦ ਕਰਨ ਲੱਗਾ। ਜਦੋਂ ਪਖੰਡ ਕਰਨ ਵਾਲੇ ਨਕਲੀ ਸੰਤਾਂ ਨੂੰ ਪਤਾ ਲੱਗਾ ਤਾਂ ਇਹ ਨਕਲੀ ਗੁਰੂ ਨਾਨਕ ਬਣ ਕੇ ਆਉਣ ਲੱਗੇ। ਆਪਣੇ ਨਾਲ ਦੋ ਚੇਲੇ ਲੈ ਲੈਣੇ ਇਕ ਨੂੰ ਬਾਲਾ ਤੇ ਇਕ ਨੂੰ ਮਰਦਾਨਾ ਕਹਿ ਕੇ ਬੁਲਾਉਣ। ਇਹਨਾਂ ਪਖੰਡੀਆਂ ਨੇ ਰਾਜੇ ਨੂੰ ਖੂਬ ਲੁਟਿਆ ਪਰ ਆਪਣਾ ਮਨੋਰਥ ਪੂਰਾ ਹੋਇਆ ਨਾ ਦੇਖਕੇ ਰਾਜਾ ਨਾਸਤਕ ਜਿਹਾ ਬਣ ਗਿਆ। ਇਕ ਦਿਨ ਗੁਰੂ ਨਾਨਕ ਸਾਹਿਬ ਨੇ ਭਾਈ ਬਾਲੇ-ਮਰਦਾਨੇ ਨੂੰ ਕਿਹਾ ਜੇ ਹੁਣ ਆਪਾਂ ਸੰਗਲਾਦੀਪ ਨਾਂ ਗਏ ਤਾਂ ਰਾਜਾ ਸਦਾ ਵਾਸਤੇ ਪ੍ਰਮੇਸ਼ਰ ਨਾਲੋਂ ਟੁੱਟ ਕੇ ਨਾਸਤਕ ਬਣ ਜਾਵੇਗਾ। ਸਤਿਗੁਰੂ ਜੀ ਰਾਜੇ ਸ਼ਿਵਨਾਭ ਦੇ ਸੁਕੇ ਬਾਗ ਵਿਚ ਜਾ ਬਿਰਾਜੇ। ਨੌਕਰ ਨੇ ਬਾਦਸ਼ਾਹ ਨੂੰ ਖਬਰ ਕੀਤੀ ਕਿ ਬਾਗ ਵਿਚ ਤਿੰਨ ਫਕੀਰ ਆਏ ਹਨ ਪਰ ਰਾਜਾ ਤਿੰਨ-ਤਿੰਨ ਦੀ ਗਿਣਤੀ ਵਿਚ ਆਉਣ ਵਾਲੇ ਸਾਧੂਆਂ ਤੋਂ ਤੰਗ ਆ ਚੁੱਕਾ ਸੀ। ਕਦੇ ਤਾਂ ਸਮਾਂ ਸੀ ਕਿ ਰਾਜਾ ਪਖੰਡੀਆਂ ਨੂੰ ਗੁਰੂ ਨਾਨਕ ਸਮਝ ਕੇ ਦਰਸ਼ਨ ਕਰਨ ਲਈ ਦੌੜ ਕੇ ਜਾਂਦਾ ਸੀ ਪਰ ਅੱਜ ਉਹ ਸਮਾਂ ਆ ਗਿਆ ਕਿ ਗੁਰੂ ਨਾਨਕ ਨੂੰ ਪਖੰਡੀ ਸਮਝ ਕੇ ਰਾਜਾ ਦਰਸ਼ਨ ਕਰਨ ਨਹੀਂ ਗਿਆ। ਤਾਂ ਜਦੋਂ ਨੌਕਰ ਨੇ ਇਹ ਦੱਸਿਆ ਕਿ ਉਨ੍ਹਾਂ ਸਾਧੂਆਂ ਦੇ ਚਰਨ ਪੈਣ ਨਾਲ ਹੀ ਤੇਰਾ ਬਰਸਾਂ ਦਾ ਸੁਕਿਆ ਬਾਗ ਹਰਿਆ ਭਰਿਆ ਹੋ ਗਿਆ।

ਯਥਾ— **ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥੧॥** [ਗਉੜੀ ਮਃ ੫, ਅੰਗ ੧੯੧]

ਨੌਕਰ ਨੇ ਕਿਹਾ ਹੇ ਰਾਜਨ! ਜਿਨ੍ਹਾਂ ਦੀ ਦ੍ਰਿਸ਼ਟੀ ਪੈਣ ਨਾਲ ਸੁੱਕੇ ਬ੍ਰਿੱਛ ਹਰੇ ਹੋ ਗਏ ਹਨ। ਤੇਰਾ ਵੀ ਸੁੱਕਾ ਮਨ ਹਰਾ ਹੋ ਜਾਵੇਗਾ ਉਨ੍ਹਾਂ ਦੇ ਚਰਨੀਂ ਲੱਗ ਜਾ। ਪਰ ਬਾਦਸ਼ਾਹ ਕਹਿਣ ਲੱਗਾ ਭਾਵੇਂ ਸੁਕਾ ਬਾਗ ਹਰਾ ਕਰਨ ਦੀ ਗੱਲ ਬਹੁਤ ਵੱਡੀ ਹੈ ਪਰ ਮੈਂ ਪਰੀਖਿਆ ਲਏ ਬਿਨਾਂ ਨਹੀਂ ਜਾਵਾਂਗਾ। ਪਰੀਖਿਆ ਕਰਨ ਲਈ ਬਾਦਸ਼ਾਹ ਨੇ ਚੜ੍ਹਦੀ ਉਮਰ ਦੀਆਂ ਸੁੰਦਰ ਲੜਕੀਆਂ ਭੇਜੀਆ ਜਿਨ੍ਹਾਂ ਨੇ ਅੱਗੇ ਅਨੇਕਾਂ ਪਖੰਡੀਆਂ, ਨਕਲੀ ਸੰਤਾਂ ਨੂੰ ਭਰਮਾ ਕੇ ਸਾਬਤ ਕੀਤਾ ਸੀ ਕਿ ਇਹ ਅਸਲੀ ਗੁਰੂ ਨਾਨਕ ਨਹੀਂ ਹਨ। ਜਦੋਂ ਸਤਿਗੁਰਾਂ ਦੇ ਕੋਲ ਆ ਕੇ ਸਤਿਗੁਰਾਂ ਨੂੰ ਮੋਹਿਤ ਕਰਨ ਵਾਸਤੇ ਹਾਵ-ਭਾਵ ਕਰਨੇ ਸ਼ੁਰੂ ਕੀਤੇ ਤਾਂ ਸਤਿਗੁਰਾਂ ਨੇ ਬਸੰਤ ਰਾਗੁ ਵਿਚ ਸ਼ਬਦ ਉਚਾਰਿਆ :

ਯਥਾ— **ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ ਭਣਹੁ ਸਚੁ ਦੋਤੁ ਸਵਾਰਿ ॥**
**ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥**
**ਮੋਹਨਿ ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ ਪਛਾਨਾ ਤੋਹਿ ॥**

[ਬਸੰਤੁ ਮਹਲਾ ੧, ਅੰਗ ੧੧੮੭]

ਇਸ ਸ਼ਬਦ ਦੁਆਰਾ ਸਤਿਗੁਰਾਂ ਨੇ ਉਨ੍ਹਾਂ ਦੀ ਮੰਦੀ ਵਾਸ਼ਨਾਂ ਮੇਟ ਕੇ ਪ੍ਰਮੇਸ਼ਰ ਨਾਲ ਜੋੜ ਦਿੱਤਾ। ਉਹ ਵਾਪਸ ਜਾ ਕੇ ਬਾਦਸ਼ਾਹ ਨੂੰ ਕਹਿਣ ਲੱਗੀਆਂ ਕਿ ਅੱਜ ਤੋਂ ਅਸੀਂ ਤੇਰੇ ਦਰਬਾਰ ਵਿਚ ਗਾਉਣ-ਵਜਾਉਣ ਦਾ ਕੰਮ ਛੱਡਿਆ ਬਾਕੀ ਰਹਿੰਦੀ ਉਮਰ ਪ੍ਰਮੇਸ਼ਰ ਦੀ ਯਾਦ ਵਿਚ ਗੁਜ਼ਾਰਨਾ ਕਰਾਂਗੀਆਂ। ਇਸ ਗੱਲ ਤੋਂ ਪ੍ਰਭਾਵਤ ਹੋ ਕੇ ਰਾਜਾ ਸ਼ਿਵਨਾਭ ਦਰਸ਼ਨ ਕਰਨ ਲਈ ਆਇਆ। ਤਾਂ ਸਤਿਗੁਰਾਂ ਨੇ ਸੋਚਿਆ ਕਿ ਜੇ ਜਗਿਆਸੂ ਸਿੱਖ ਬਣਨ ਤੋਂ ਪਹਿਲਾਂ ਗੁਰੂ ਦੀ ਪਰੀਖਿਆ ਲੈ ਸਕਦਾ ਹੈ ਤਾਂ ਸਿੱਖ ਦੀ ਵੀ ਪਰੀਖਿਆ ਕਰਨੀ ਚਾਹੀਦੀ ਹੈ। ਇਹ ਸੋਚ ਕੇ ਸਤਿਗੁਰੂ ਰਾਜੇ ਦੇ ਪਹੁੰਚਣ ਤੋਂ ਪਹਿਲਾਂ ਅਲੋਪ ਹੋ ਗਏ। ਬਾਦਸ਼ਾਹ ਦੀ ਐਸੀ ਬਉਰਿਆਂ ਵਾਲੀ ਹਾਲਤ ਹੋ ਗਈ।

PDF created with pdfFactory Pro trial version www.pdffactory.com

ਯਥਾ— **ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥**
**ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥੭੬॥** [ਸਲੋਕ ਕਬੀਰ ਜੀ, ਅੰਗ ੧੩੬੮]

ਰਾਜਾ ਲੱਭਦਾ-ਲੱਭਦਾ ਅਖੀਰ ਨੂੰ ਬੇਹੋਸ਼ ਹੋ ਕੇ ਡਿੱਗ ਪਿਆ ਤਾਂ ਗੁਰੂ ਸਾਹਿਬ ਨੇ ਪ੍ਰਗਟ ਹੋ ਕੇ ਇਸਨੂੰ ਹੋਸ਼ ਵਿਚ ਲਿਆਂਦਾ ਤੇ ਬਾਦਸ਼ਾਹ ਤੇ ਕਿਰਪਾ ਕਰਕੇ ਉਸ ਦਾ ਮਨ ਐਸਾ ਪ੍ਰਭੂ ਨਾਲ ਜੋੜਿਆ ਕਿ ਉਸਨੂੰ ਹਰ ਜਗ੍ਹਾ ਪ੍ਰਮੇਸ਼ਰ ਨਜ਼ਰ ਆਉਣ ਲੱਗਾ। ਬਾਦਸ਼ਾਹ ਨਿਹਾਲ ਹੋ ਗਿਆ ਤੇ ਚਰਨਾਂ ਤੇ ਸੀਸ ਰੱਖ ਕੇ ਕਹਿਣ ਲੱਗਾ ਕਿ ਸਤਿਗੁਰੂ ਜੀ! ਜੋ ਆਪ ਨੇ ਮੇਰੇ ਤੇ ਕਿਰਪਾ ਕਰਕੇ ਮੈਨੂੰ ਪ੍ਰਭੂ ਨਾਲ ਜੋੜਿਆ ਹੈ ਇਸ ਦੇ ਬਦਲੇ ਮੈਂ ਹੋਰ ਕੁਝ ਤਾਂ ਨਹੀਂ ਦੇ ਸਕਦਾ ਪਰ ਅੱਜ ਤੋਂ ਤਨ ਮਨ ਧਨ ਤੇ ਇਥੋਂ ਤੱਕ ਕਿ ਆਪਣੇ ਪ੍ਰਾਣ ਵੀ ਆਪ ਜੀ ਦੇ ਚਰਨਾਂ ਵਿਚ ਭੇਟ ਕਰਦਾ ਹਾਂ। ਇਸੇ ਤਰ੍ਹਾਂ ਜਦੋਂ ਜਗਿਆਸੂ ਨੇ ਪ੍ਰਾਣਾਂ ਦੀ ਭੇਟਾ ਦੇਣ ਦੀ ਗੱਲ ਕੀਤੀ ਤਾਂ ਅੱਗੋਂ ਗੁਰੂ ਸਰੂਪ ਹੋ ਕੇ ਫੁਰਮਾਇਆ :

## *ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥*

ਅਸਥੂਲ ਸਰੀਰ ਨੂੰ ਵਿਸ਼ਿਆਂ ਤੋਂ ਰਹਿਤ ਕਰਨਾ ਇਹ ਕਿਆਰਾ ਕਰ। ਸਤ ਸੰਤੋਖ ਦੇ ਬਲਦ ਸੰ=ਭਲੀ ਪ੍ਰਕਾਰ ਜੋਰਿ=ਜੋੜਨਾ ਕਰ। ਸਤਸੰਗਤ ਰੂਪੀ ਖੂਹ ਵਿਚੋਂ ਪ੍ਰੀਤੀ ਰੂਪ ਹਲਟ ਅਤੇ ਕਰੁਣਾਦਿ ਤੇ ਸ੍ਰਵਣਾਦਿ ਟਿੰਡਾਂ ਦੁਆਰਾ ਹਰਿ=ਵਾਹਿਗੁਰੂ ਨਾਮ ਰੂਪ ਸੁਧਾ=ਅੰਮ੍ਰਿਤ ਜਲ ਨੂੰ ਕੱਢ ਕੇ ਬੁੱਧੀ ਰੂਪੀ ਧਰਤੀ ਨੂੰ ਸਿੰਜਣਾ ਕਰ। ਫਿਰ ਉਸ ਪ੍ਰਭੂ ਨਾਲ ਜੁੜਨਾ ਹੋਵੇਗਾ।

## *ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥*

ਇਆ ਰਸ=ਇਸ ਆਤਮਿਕ ਰਸ ਵਿਚ ਵਾਹਿਗੁਰੂ ਦੀ ਕਿਰਪਾ ਨਾਲ ਹੀ ਮਗਨ=ਮਸਤ ਹੁੰਦਾ ਹੈ ਪਰ ਪਹਿਲਾਂ ਜਗਿਆਸੂ ਮਹਾ=ਵੱਡੇ ਵਿਸ਼ਿਆਂ ਨਾਲੋਂ ਪ੍ਰੀਤੀ ਨੂੰ ਤੋਰਿ=ਤੋੜਨਾ ਕਰੇ।

ਯਥਾ— **੧. ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥**
**ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸ ਪੀਆ ਇਹ ਰਸੁ ਨਹੀ ਭਾਵਾ ॥**
[ਗਉੜੀ ਕਬੀਰ ਜੀ, ਅੰਗ ੩੪੨]

**੨. ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥**
[ਆਸਾ ਮਃ ੫, ਅੰਗ ੩੭੭]

**੩. ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥**
[ਬਿਲਾਵਲੁ ਮਃ ੫, ਅੰਗ ੮੦੨]

## *ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰੀ ਓਰਿ ॥*

ਹੇ ਦੀਨ=ਗਰੀਬਾਂ ਦੇ ਦੁੱਖਾਂ ਨੂੰ ਭੰਜਨ=ਨਾਸ ਕਰਨ ਵਾਲੇ ਵਾਹਿਗੁਰੂ ਮੈਂ ਆਪ ਜੀ ਦੀ ਸ਼ਰਣ ਵਿਚ ਆਇਆ ਹਾਂ ਅਤੇ ਤੁਹਾਡੀ ਓਰਿ=ਤਰਫ ਹੀ ਚਿਤਵਉ=ਦੇਖਦਾ ਹਾਂ। ਭਾਵ ਮੈਨੂੰ ਤੇਰਾ ਹੀ ਆਸਰਾ ਹੈ ਸੰਸਾਰ ਵਿਚ ਕਿਸੇ ਦਾ ਕੋਈ ਆਸਰਾ ਹੈ ਤੇ ਕਿਸੇ ਦਾ ਕੋਈ ਪਰ ਮੈਂ ਤੇਰਾ ਆਸਰਾ ਤੱਕਿਆ ਹੈ।

ਯਥਾ— **੧. ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥**
**ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥**
[ਸੂਹੀ ਕੀ ਵਾਰ ਮਃ ੨, ਅੰਗ ੭੯੧]

PDF created with pdfFactory Pro trial version www.pdffactory.com

**੨. ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥**
**ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥੧॥**

[ਗਉੜੀ ਸੁਖਮਨੀ; ਮਃ ੫, ਅੰਗ ੨੬੩]

***ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ***
***ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥***

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਸੁਆਮੀ=ਮਾਲਕ ਜੀ ! ਆਪ ਜੀ ਦਾ ਸਿਮਰਨ ਹੀ ਅਭੈ=ਭੈ ਰਹਿਤ ਪਦਵੀ ਦੇਣ ਵਾਲਾ ਹੈ ਇਸ ਲਈ ਹੇ ਪ੍ਰਭ=ਮਾਲਕ ! ਆਪਣੇ ਸਿਮਰਨ ਦਾ ਦਾਨ ਦੇ ਕੇ ਮੇਰੇ ਜਨਮ ਮਰਨ ਕੇ ਬੰਧਨ ਛੋਰਿ=ਖੋਲ੍ਹ ਦੇਵੋ।

ਯਥਾ— **ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥** [ਮਾਰੂ ਮਃ ੫, ਅੰਗ ੧੦੦੨]

## ਸਾਖੀ—ਬਾਲਾ ਰਾਉ ਤੇ ਰੁਸਤਮ ਰਾਉ

ਜਦੋਂ ਵੀ ਕਿਸੇ ਦੀ ਸੱਚੇ ਸਤਿਗੁਰਾਂ ਉੱਪਰ ਸ਼ਰਧਾ ਪੈਦਾ ਹੁੰਦੀ ਹੈ ਤਾਂ ਸਤਿਗੁਰੂ ਜੀ ਕਿਰਪਾ ਕਰਕੇ ਲੋਕ ਪ੍ਰਲੋਕ ਦੇ ਬੰਧਨ ਕੱਟ ਦਿੰਦੇ ਹਨ। ਕਿਉਂਕਿ ਗੁਰੂ ਦੀ ਕ੍ਰਿਪਾ ਸਦਾ ਹੀ ਹੋ ਰਹੀ ਹੈ। ਪਰ ਸਿੱਖ ਦੇ ਕੋਲ ਭਿਖਾਰੀ ਦੀ ਨਿਆਈਂ ਸ਼ਰਧਾ ਰੂਪੀ ਪਾਤਰ ਹੋਣਾ ਚਾਹੀਦਾ ਹੈ। ਜਦੋਂ ਵੀ ਜਗਿਆਸੂ ਸਿੱਖ ਆਪਣੀ ਹਉਮੈ ਦਾ ਤਿਆਗ ਕਰਕੇ ਦੀਨ ਹੋ ਕੇ ਬੇਨਤੀ ਕਰਦਾ ਹੈ ਤਦ ਗੁਰੂ ਜੀ ਪ੍ਰਤੱਖ ਆ ਕੇ ਸਹਾਇਤਾ ਕਰਦੇ ਹਨ। ਜਿਸ ਤਰ੍ਹਾਂ ਦੱਖਣ ਵਿਚ ਹੈਦਰਾਬਾਦ ਰਿਆਸਤ ਜਨਵਾਰਾ ਨਗਰ ਦੇ ਦੋ ਭਰਾ ਰੁਸਤਮ ਰਾਇ ਤੇ ਬਾਲਾ ਰਾਇ ਜਿਨ੍ਹਾਂ ਨੂੰ ਮਰਹੱਟਿਆਂ ਨੇ ਸਤਾਰੇ ਦੇ ਕਿਲ੍ਹੇ ਵਿਚ ਕੈਦ ਕੀਤਾ ਹੋਇਆ ਸੀ ਇਹਨਾਂ ਦੇ ਪੈਰਾਂ ਵਿਚ ਸੰਗਲ ਪਾਏ ਹੋਏ ਸਨ। ਇਤਨੀ ਸਖ਼ਤ ਕੈਦ ਵਿਚ ਸਨ ਕਿ ਮਨੁੱਖ ਤਾਂ ਕੀ ਉਥੇ ਪੰਛੀ ਵੀ ਨਹੀਂ ਜਾ ਸਕਦਾ ਸੀ। ਇਹਨਾਂ ਨੇ ਬਹੁਤ ਪੀਰਾਂ ਫਕੀਰਾਂ ਸੰਤਾਂ ਨੂੰ ਮਨਾਉਣਾ ਭਾਵ ਅਰਾਧਣਾ ਕੀਤਾ ਪਰ ਕੋਈ ਵੀ ਇਹਨਾਂ ਦੀ ਸਹਾਇਤਾ ਲਈ ਬਹੁੜ ਨਾ ਸਕਿਆ। ਇਹਨਾਂ ਦੇ ਪੂਰਬਲੇ ਕਰਮ, ਕੁਦਰਤ ਦੇ ਸਵੱਬ ਨਾਲ ਉਥੇ ਇਕ ਸਿੱਖ ਪਹਿਰੇਦਾਰ ਸੀ ਜੋ ਹਰ ਵਕਤ ਕੰਠੋਂ ਸਤਿਗੁਰੂ ਜੀ ਦੀ ਬਾਣੀ ਪੜ੍ਹਦਾ ਰਹਿੰਦਾ ਸੀ। ਜਦੋਂ ਇਹਨਾਂ ਨੇ ਸਿੱਖ ਕੋਲੋਂ ਪੁਛਿਆ ਕਿ ਤੂੰ ਕਿਸ ਦੀ ਬਾਣੀ ਪੜ੍ਹਦਾ ਹੈਂ ਤਾਂ ਸਿੱਖ ਨੇ ਜੁਆਬ ਦਿੱਤਾ।

ਯਥਾ— **ਸੁਨਤਿ ਸਿੰਘ ਗੁਰ ਮਹਿਮਾ ਕਹੀਂ। ਬੰਦ ਖਲਾਸੀ ਸਮਝੋ ਨਹੀਂ ॥**
**ਦੁਰਗ ਗ੍ਵਾਲਿਯਰ ਮਹਿਂ ਨ੍ਰਿਪ ਕੈਦ ॥ ਨਹਿ ਛੁਟਨਿ ਕੀ ਜਿਯਤਿ ਉਮੈਦ ॥੫੦॥**
**ਅਸ ਰਾਜੇ ਰਾਜਪੂਤ ਛੁਡਾਏ ॥ ਸਿਮਰੇ ਜਹਿ ਕਹਿ ਭਏ ਸਹਾਇ ॥**
**ਸ੍ਰੀ ਗੋਬਿੰਦ ਸਿੰਘ ਗੁਰੂ ਬਡੇਰਾ ॥ ਅਬਚਲ ਨਗਰ ਥਾਨ ਜਿਨ ਕੇਰਾ ॥੪੧॥**

[ਐਨ ੨, ਅੰਸੂ ੨੫, ਪੰਨਾ ੬੩੪੩, ਗੁः ਪ੍ਰः ਸੂः ਗ੍ਰੰः]

ਸਿੱਖ ਨੇ ਗੁਰੂ ਜੀ ਦੀ ਮਹਿਮਾ ਕਰਦੇ ਹੋਏ ਕਿਹਾ ਕਿ ਮਨੁੱਖ ਦੀ ਕੈਦ ਤਾਂ ਕੀ ਹੈ ਸਤਿਗੁਰੂ ਜੀ ਤਾਂ ਜਮਾਂ ਦੀ ਫਾਹੀ ਭੀ ਕੱਟ ਦਿੰਦੇ ਹਨ।

ਯਥਾ— **ਕਹੈ ਸਿੰਘ 'ਕਯਾ ਨਰ ਕੀ ਬੰਦਾ ॥ ਜਮ ਫਾਸੀ ਕੋ ਦੇਤਿ ਨਿਕੰਦਾ ॥**
**ਬਾਲੇ ਰਾਇ ਸੁਨੀ ਚਿਤ ਲਾਇ ॥ ਸਰਧਾ ਵਧੀ ਕਹਯੋ ਕਰਿ ਭਾਇ ॥**

ਸਿੱਖ ਨੂੰ ਪ੍ਰੇਮ ਨਾਲ ਕਿਹਾ ਕਿਰਪਾ ਕਰਕੇ ਸਾਡੀ ਬੰਦ ਖਲਾਸੀ ਦੇ ਲਈ ਪੰਚਾਮ੍ਰਿਤ [ਕੜਾਹ ਪ੍ਰਸ਼ਾਦਿ] ਸਜਾ ਕੇ ਅਰਦਾਸ ਕਰੋ, ਸਿੱਖ ਨੇ ਅਰਦਾਸ ਕੀਤੀ ਤੇ ਏਧਰ ਇਹ ਦੋਨੋਂ ਭਾਈ ਦਿਨ ਰਾਤ ਸੁਖਾਂ ਦੇ ਸਮੁੰਦਰ ਸਤਿਗੁਰੂ

PDF created with pdfFactory Pro trial version www.pdffactory.com

ਜੀ ਨੂੰ ਪ੍ਰੇਮ ਸਾਹਿਤ ਚੇਤੇ ਕਰਦੇ ਹਨ ਇਸ ਤਰ੍ਹਾਂ ਇਕ ਰਾਤ ਦੇ ਸਮੇਂ ਜਦੋਂ ਇਹਨਾਂ ਦੀ ਸੁਰਤ ਗੁਰੂ ਚਰਨਾਂ ਵਿਚ ਜੁੜੀ ਹੋਈ ਸੀ ਤਾਂ ਉਸੇ ਵੇਲੇ ਕਲਗੀਧਰ ਪਾਤਸ਼ਾਹ ਆਨ ਪ੍ਰਗਟ ਹੋਏ। ਜਦੋਂ ਇਹਨਾਂ ਨੇ ਘੋੜੇ ਦੇ ਪੌੜਾਂ ਦੀ ਆਵਾਜ਼ ਸੁਣੀ ਤੇ ਬੜੇ ਧਿਆਨ ਨਾਲ ਭਾਵ ਨੀਝ ਲਾ ਕੇ ਵੇਖਣਾ ਕੀਤਾ ਤੇ ਪੁਛਣਾ ਕੀਤਾ।

ਯਥਾ— **ਬਿਸਮਤਿ ਬੁਝਿਓ 'ਕਹ ਤਮ ਕੌਨ ?' ਸ੍ਰੀ ਪ੍ਰਭ ਕਹਹਿ 'ਅਰਾਧਹਿ ਜੌਨ ॥**
**ਸੋ ਪਹੁਚਯੋ ਤੁਵ ਕਰਨ ਸਹਾਇ ॥ ਉਠਹੁ ਅਬਹਿ ਨਹਿਂ ਬਿਲਮ ਲਗਾਇ ॥੪੯॥**

[ਗੁ: ਪ੍ਰ: ਸ: ਗ੍ਰ: ਅੰਸੂ ੨੫, ਅੰਗ ੧੩੪੪]

ਗੁਰੂ ਜੀ ਨੇ ਆਖਿਆ ਜਲਦੀ ਕਰੋ ਮੈਂ ਤੁਹਾਨੂੰ ਲੈਣ ਵਾਸਤੇ ਆਇਆ ਹਾਂ ਆਖਣ ਲੱਗੇ ਸਾਡੇ ਪੈਰਾਂ ਵਿਚ ਬੇੜੀਆਂ ਪਈਆਂ ਹੋਈਆਂ ਹਨ ਸਤਿਗੁਰਾਂ ਨੇ ਕਿਹਾ ਵਾਹਿਗੁਰੂ ਨਾਮ ਨੂੰ ਉਚਾਰਨ ਕਰੋ ਆਪਣੇ ਆਪ ਹੀ ਬੇੜੀਆਂ ਟੁੱਟ ਜਾਣਗੀਆਂ। ਜਦੋਂ ਇਨ੍ਹਾਂ ਨੇ ਵਾਹਿਗੁਰੂ ਸ਼ਬਦ ਨੂੰ ਉਚਾਰਨ ਕੀਤਾ ਤਾਂ ਉਸੇ ਵਕਤ ਪੈਰਾਂ ਵਿਚੋਂ ਬੇੜੀਆਂ ਟੁੱਟ ਗਈਆਂ। ਦੋਨੋਂ ਭਰਾਵਾਂ ਨੇ ਉੱਠ ਕੇ ਗੁਰੂ ਜੀ ਦੇ ਚਰਨਾਂ ਵਿਚ ਨਮਸ਼ਕਾਰ ਕੀਤੀ ਧੰਨ ਸਤਿਗੁਰੂ, ਧੰਨ ਸਤਿਗੁਰੂ ਮੁੱਖ ਵਿਚੋਂ ਉਚਾਰਨ ਕੀਤਾ। ਸਤਿਗੁਰੂ ਜੀ ਨੇ ਇਹਨਾਂ ਨੂੰ ਉਪਦੇਸ਼ ਕਰਦੇ ਹੋਏ ਕਿਹਾ ਜੋ ਵੀ ਸਿੱਖ ਪ੍ਰੇਮ ਨਾਲ ਗੁਰੂ ਨੂੰ ਯਾਦ ਕਰਦਾ ਹੈ ਇਸ ਲੋਕ ਦੇ ਦੁੱਖ ਤਾਂ ਨਾਸ ਹੁੰਦੇ ਹੀ ਹਨ ਅੰਤ ਨੂੰ ਜਮਾਂ ਤੋਂ ਵੀ ਹੱਥ ਦੇ ਕੇ ਗੁਰੂ ਜੀ ਬਚਾਉਂਦੇ ਹਨ, ਗੁਰੂ ਜੀ ਨੇ ਦੋਨਾਂ ਭਰਾਵਾਂ ਨੂੰ ਦੋਨੋਂ ਰਕਾਬਾਂ ਫੜਾ ਕੇ ਕਿਲ੍ਹੇ ਦੀ ਕੈਦ ਤੋਂ ਮੁਕਤ ਕੀਤਾ ਇਸ ਪ੍ਰਕਾਰ ਗੁਰੂ ਜੀ ਸੇਵਕਾਂ ਦੇ ਸਦਾ ਹੀ ਬੰਧਨ ਕੱਟਣ ਵਾਲੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com